# ਯੂਨਾਨ ਅਤੇ ਫਰਾਂਸ ਦੇ ਚੋਣ ਨਤੀਜੇ

ਫਰਾਂਸ ਅਤੇ ਯੂਨਾਨ ਦੀਆਂ ਹਾਲੀਆ ਵਿਚ ਖੱਬੀਆਂ ਪਾਰਟੀਆਂ ਦੀ ਜਿੱਤ ਹੋਈ ਹੈ। ਇਨ੍ਹਾਂ ਚੋਣਾਂ ਵਿਚ ਲੋਕਾਂ ਨੇ ਯੂਰਪੀਅਨ ਯੂਨੀਅਨ ਦੇ ਸੂਦਖ਼ੋਰਾਂ ਅਤੇ ਬੈਂਕਾਂ ਦੀਆਂ ਪਾਲਿਸੀਆਂ ਨੂੰ ਠੁਕਰਾ ਦਿਤਾ ਹੈ।

ਫਰਾਂਸ ਵਿਚ ਸੋਸ਼ਲਿਸਟ ਆਲੰਡ ਪ੍ਰਧਾਨਗੀ ਦੀ ਚੋਣ ਜਿੱਤ ਗਿਆ ਹੈ। ਯੂਨਾਨ ਵਿਚ ਖੱਬੀ ਪਾਰਟੀਆਂ ਦਾ ਮੋਰਚਾ ਭਾਵੇਂ ਬਹੁਗਿਣਤੀ ਹਾਸਲ ਨਹੀਂ ਕਰ ਸਕਿਆ ਪਰ ਰਵਾਇਤੀ ਹਾਕਮ ਪਾਰਟੀਆਂ ਨੂੰ ਵੱਡੀ ਢਾਹ ਲਾਉਣ ਵਿਚ ਕਾਮਯਾਬ ਰਿਹਾ ਹੈ। ਲੇਕਿਨ ਸਰਕਾਰ ਬਣਾਉਣ ਲਈ ਕਿਸੇ ਵੀ ਪਾਰਟੀ ਦੀ ਕੋਸ਼ਿਸ਼ ਕਾਮਯਾਬ ਨਾ ਹੋਣ ਕਰਕੇ ਹੁਣ ਨਵੀਆਂ ਚੋਣਾਂ ਜੂਨ ਦੇ ਅੱਧ ਵਿਚ ਕਰਵਾਉਣ ਦਾ ਫੈਸਲਾ ਹੋਇਆ ਹੈ ਤੇ ਕੇਅਰਟੇਕਰ ਸਰਕਾਰ ਬਣਾ ਦਿੱਤੀ ਗਈ ਹੈ। ਹਵਾ ਇਹੋ ਹੈ ਕਿ ਜੂਨ ਵਿਚ ਹੋਣ ਵਾਲੀਆਂ ਚੋਣਾਂ ਵਿਚ ਯੂਨਾਨ ਦੀਆਂ ਖੱਬੀਆਂ ਪਾਰਟੀਆਂ ਦਾ ਸਾਂਝਾ ਫਰੰਟ ਸਭ ਤੋਂ ਵੱਧ ਸੀਟਾਂ ਲਿਜਾ ਸਕਦਾ ਹੈ। ਜਰਮਨੀ ਵਿਚ ਵੀ ਇਕ ਵੱਡੇ ਸੂਬੇ ਵਿਚ ਹੋਈਆਂ ਤਾਜ਼ਾ ਅਸੈਂਬਲੀ ਚੋਣਾਂ ਵਿਚ ਏਂਜਲਾ ਮਰਕਲ ਦੀ ਪਾਰਟੀ ਨੂੰ ਇਕ ਵੱਡੀ ਹਾਰ ਦਾ ਮੂੰਹ ਵੇਖਣਾ ਪਿਆ ਹੈ।

ਪਿਛਲੇ ਕੁਝ ਸਾਲਾਂ ਤੋਂ ਫਰਾਂਸ, ਯੂਨਾਨ ਅਤੇ ਯੂਰਪੀਅਨ ਯੂਨੀਅਨ ਦੇ ਹੋਰ ਮੁਲਕਾਂ ਵਿਚ ਸੂਦਖ਼ੋਰਾਂ ਅਤੇ ਬੈਂਕਾਂ ਨੇ ਉਥੋਂ ਦੀਆਂ ਸਰਕਾਰਾਂ ਨੂੰ ਲੋਕਾਂ ਦੀਆਂ ਲੋੜਾਂ ਤੇ ਖ਼ਰਚਿਆਂ ਵਿਕ ਕਟੌਤੀ ਕਰਨ ਲਈ ਮਜਬੂਰ ਕੀਤਾ ਹੋਇਆ ਹੈ। ਇਨ੍ਹਾਂ ਸੂਦਖ਼ੋਰਾਂ ਅਤੇ ਬੈਂਕਾਂ ਦੀ ਦਲੀਲ ਸੀ ਕਿ ਲੋਕਾਂ ਦੀਆਂ ਲੋੜਾਂ ਦੇ ਖ਼ਰਚੇ ਵਿਚ ਕਟੌਤੀ ਕਰਨ ਨਾਲ ਇਹ ਸਰਕਾਰਾਂ ਬਹੁਤ ਸਾਰਾ ਪੈਸਾ ਬਚਾ ਸਕਣਗੀਆਂ ਜੋ ਸਰਕਾਰੀ ਕਰਜ਼ੇ ਦਾ ਵਿਆਜ ਚੁਕਾਉਣ ਲਈ ਜ਼ਰੂਰ ਚਾਹੀਦਾ ਹੈ। ਲੋਕਾਂ ਦਾ ਪੇਟ ਕੱਟ ਕੇ ਸਰਕਾਰਾਂ ਨੇ ਇਨ੍ਹਾਂ ਮੁਨਾਫ਼ਾਖੋਰਾਂ ਦੇ ਮੁਨਾਫ਼ੇ ਵਧਾਏ। ਯੂਰਪੀਅਨ ਯੂਨੀਅਨ ਦੇ ਵਡੇ ਸੂਦਖ਼ੋਰ ਅਦਾਰਿਆਂ ਤੇ ਬੈਂਕਾਂ ਦੇ ਇਸ ਹੁਕਮ ਦੀ ਤਾਮੀਲ ਫਰਾਂਸ, ਯੂਨਾਨ, ਇਟਲੀ, ਸਪੇਨ ਅਤੇ ਬਾਕੀ ਮੁਲਕਾਂ ਦੀਆਂ ਸਰਕਾਰਾਂ ਕਰਦੀਆਂ ਆਈਆਂ ਹਨ।

ਇਸ ਨਾਦਰਸ਼ਾਹੀ ਦਾ ਨਤੀਜਾ ਇਹ ਨਿਕਲਿਆ ਹੈ ਕਿ ਲੋਕਾਂ ਦੇ ਹਾਲ ਬਹੁਤ ਹੀ ਭੈੜੇ ਹੋ ਗਏ ਹਨ। ਬੇਰੁਜ਼ਗਾਰੀ ਅਤੇ ਗੁਰਬਤ ਗਲੀਆਂ ਵਿਚ ਨੰਗਾ ਨਾਚ ਕਰ ਰਹੇ ਹਨ। ਦੱਸਿਆ ਜਾਂਦਾ ਹੈ ਕਿ ਨੌਜਵਾਨਾਂ ਦੀ ਬੇਰੁਜ਼ਗਾਰੀ ੫੦ ਫੀ ਸਦੀ ਤੋਂ ਵੀ ਜ਼ਿਆਦਾ ਵੱਧ ਗਈ ਹੈ ਤੇ ਉਨ੍ਹਾਂ ਨੂੰ ਕੋਈ ਭਵਿਖ ਨਜ਼ਰ ਨਹੀਂ ਆਉਂਦਾ। ਸੂਦਖ਼ੋਰਾਂ ਅਤੇ ਮੁਨਾਫ਼ਾਖੋਰਾਂ ਦੀ ਤਾਨਾਸ਼ਾਹੀ ਹੇਠਾਂ ਫਰਾਂਸ ਦੀ ਸਰਕਾਰ ਨੇ ਸਮਾਜੀ ਸੇਵਾਵਾਂ ਵਿਚ ਭਾਰੀ ਕਟੌਤੀਆਂ ਕੀਤੀਆਂ ਹਨ ਅਤੇ ਮੁਲਕ ਦੀ ਦੌਲਤ ਦਾ ਇਕ ਵੱਡਾ ਹਿੱਸਾ ਯੂਰਪੀਅਨ ਯੂਨੀਅਨ ਦੇ ਮੁਨਾਫ਼ਾਖੋਰਾਂ ਅਤੇ ਬੈਂਕਾਂ ਦੇ ਹਵਾਲੇ ਕਰ ਦਿਤਾ ਹੈ।

ਯੂਨਾਨ ਵਿਚ ਵੀ ਇਹੋ ਭੰਗ ਭੁੱਜ ਰਹੀ ਹੈ। ਹਾਲੇ ਕੁਝ ਅਰਸਾ ਪਹਿਲਾਂ ਤੱਕ ਯੂਨਾਨ ਦੇ ਲੋਕ ਖੇਤੀਬਾੜੀ ਰਾਹੀਂ ਆਪਣੇ ਗੁਜ਼ਾਰੇ ਜੋਗੀ ਖ਼ੁਰਾਕ ਪੈਦਾ ਕਰ ਲੈਂਦੇ ਸੀ ਅਤੇ ਕੁਝ ਯੂਰਪ ਵਿਚ ਵੀ ਵੇਚ ਦਿੰਦੇ ਸੀ। ਪਰ ਸੂਦਖ਼ੋਰਾਂ ਦੇ ਦਬਾ ਹੇਠ ਯੂਨਾਨ ਦੀ ਸਾਰੀ ਖੇਤੀਬਾੜੀ ਤਬਾਹ ਹੋ ਗਈ ਹੈ ਅਤੇ ਯੂਨਾਨ ਹੁਣ ਆਪਣੀ ਖ਼ੁਰਾਕ ਲਈ ਵੀ ਯੂਰਪ ਦੇ ਹੋਰ ਮੁਲਕਾਂ ਤੇ ਨਿਰਭਰ ਕਰਨ ਲੱਗ ਪਿਆ ਹੈ।

ਇਨ੍ਹਾਂ ਚੋਣਾਂ ਵਿਚ ਫਰਾਂਸ ਅਤੇ ਯੂਨਾਨ ਦੇ ਲੋਕਾਂ ਨੇ ਸੂਦਖ਼ੋਰਾਂ ਅਤੇ ਮੁਨਾਫ਼ਾਖੋਰਾਂ ਦੀ ਇਸ ਤਾਨਾਸ਼ਾਹੀ ਖ਼ਿਲਾਫ਼ ਫੈਸਲਾ ਦੇ ਦਿਤਾ ਹੈ। ਉਹ ਇਨ੍ਹਾਂ ਦੇ ਇਸ ਲੋਕ-ਵਿਰੋਧੀ ਹਮਲੇ ਦੀ ਜਕੜ ਵਿਚੋਂ ਬਾਹਰ ਨਿਕਲਣਾ ਚਾਹੁੰਦੇ ਹਨ ਅਤੇ ਸਰਕਾਰ ਨੂੰ ਲੋਕਾਂ ਦੀਆਂ ਲੋੜਾਂ ਨੂੰ ਤਰਜੀਹ ਦੇਣ ਲਈ ਕਹਿ ਰਹੇ ਹਨ। ਪਰ ਯੂਰਪੀਅਨ ਯੂਨੀਅਨ ਦੇ ਸੂਦਖ਼ੋਰ, ਮੁਨਾਫ਼ਾਖੋਰ ਅਤੇ ਬੈਂਕ ਇਨ੍ਹਾਂ ਨੂੰ ਧਮਕੀਆਂ ਦੇ ਰਹੇ ਹਨ ਕਿ ਉਹ ਉਨ੍ਹਾਂ ਵਲੋਂ ਠੋਸੀਆਂ ਹੋਈਆਂ ਪਾਲਿਸੀਆਂ ਨੂੰ ਬਦਲ ਨਹੀਂ ਸਕਦੇ । ਜੇ ਇਨ੍ਹਾਂ ਨੇ ਕੁਝ ਲੋਕ-ਪੱਖੀ ਗੱਲ ਕੀਤੀ ਤਾਂ ਸਾਰੀ ਹੀ ਯੂਰਪੀਅਨ ਯੂਨੀਅਨ ਨੂੰ ਖ਼ਤਰਾ ਹੋ ਜਾਵੇਗਾ, ਯੂਰੋ ਡਾਵਾਂਡੋਲ ਹੋ ਜਾਵੇਗਾ।

ਜਰਮਨੀ ਦੀ ਚਾਂਸਲਰ ਮਰਕਲ ਨੇ ਇਹ ਧਮਕੀ ਚੋਣਾਂ ਦੇ ਇਕ ਦਿਨ ਬਾਅਦ ਹੀ ਦੇ ਦਿਤੀ ਸੀ। ਉਸਨੇ ਕਿਹਾ ਸੀ ਚੋਣਾਂ ਦੇ ਨਤੀਜੇ ਭਾਵੇ ਜੋ ਵੀ ਹੋਣ, ਜਿਹੜੇ ਸਮਝੌਤੇ ਬੈਂਕਾਂ ਨਾਲ ਅਤੇ ਸੂਦਖ਼ੋਰਾਂ ਨਾਲ ਕੀਤੇ ਹੋਏ ਹਨ ਉਹ ਸਮਝੌਤੇ ਫਰਾਂਸ ਅਤੇ ਯੂਨਾਨ ਦੀਆਂ ਸਰਕਾਰਾਂ ਨੂੰ ਲਾਗੂ ਕਰਨੇ ਹੈ ਪੈਣੇ ਹਨ। ਸੂਦਖ਼ੋਰਾਂ, ਮੁਨਾਫ਼ੇਖ਼ੋਰਾਂ ਅਤੇ ਬੈਂਕਾਂ ਦਾ ਫਤਵਾ ਇਕ ਪਾਸੇ ਹੈ। ਦੂਜੇ ਪਾਸੇ, ਲੋਕਾਂ ਦਾ ਫੈਸਲਾ ਇਸ ਤੋਂ ਉਲਟ ਹੈ। ਨਵੀਆਂ ਬਣਨ ਵਾਲੀਆਂ ਸਰਕਾਰਾਂ ਲੋਕਾਂ ਦੇ ਫੈਸਲੇ ਤੇ ਚੱਲਣਗੀਆਂ ਜਾਂ ਕਿ ਸੂਦਖ਼ੋਰਾਂ ਦੀ ਤਾਨਾਸ਼ਾਹੀ ਸਾਮ੍ਹਣੇ ਗੋਡੇ ਟੇਕ ਦੇਣਗੀਆਂ? ਇਸ ਬਾਰੇ ਸਵਾਲ ਵੀ ਉਠ ਰਹੇ ਹਨ ਤੇ ਵੱਖ ਵੱਖ ਕਿਆਸ ਵੀ ਲਾਏ ਜਾ ਰਹੇ ਹਨ ਲੇਕਿਨ ਸਮਾਂ ਹੀ ਦੱਸੇਗਾ ਕਿ ਕੀ ਹੁੰਦਾ ਹੈ। ਪਰ ਇਕ ਗੱਲ ਸਾਫ਼ ਹੈ ਕਿ ਜੇ ਕਰ ਇਨ੍ਹਾਂ ਸਰਕਾਰਾਂ ਨੇ ਸੂਦਖ਼ੋਰਾਂ ਸਾਮ੍ਹਣੇ ਗੋਡੇ ਟੇਕ ਦਿੱਤੇ ਤਾਂ ਲੋਕਾਂ ਵਿਚ ਇਨ੍ਹਾਂ ਦੇ ਖ਼ਿਲਾਫ਼ ਵੀ ਰੋਹ ਅਤੇ ਉਭਾਰ ਵਧੇਗਾ।

ਦੁਨੀਆ ਭਰ ਵਿਚ ਮੁਲਕਾਂ ਦੀਆਂ ਸਰਕਾਰਾਂ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਥਾਂ ਮੁਨਾਫ਼ਾਖੋਰਾਂ ਅਤੇ ਬੈਂਕਾਂ ਦੇ ਮੁਨਾਫ਼ੇ ਵੱਧ ਤੋਂ ਵੱਧ ਕਰਨ ਲਈ ਖ਼ਜ਼ਾਨੇ ਦੇ ਦਰਵਾਜ਼ੇ ਖੋਹਲ ਰਹੀਆਂ ਹਨ। ਲੋਕ ਆਪਣੀਆਂ ਲੋੜਾਂ ਦੀ ਪੂਰਤੀ ਨੂੰ ਪਹਿਲ ਦੇ ਦੀ ਮੰਗ ਉਚੀ ਕਰ ਰਹੇ ਹਨ। ਮੁਨਾਫ਼ਾਖ਼ੋਰ ਅਤੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਮੰਗ ਵਿਚ ਟਕਰਾਅ ਹੁਣ ਹੋਰ ਤਿੱਖਾ ਹੋ ਰਿਹਾ ਹੈ।